**ਆਪ ਇਤਿਹਾਸ ਦੇ ਇੱਕ ਮਾਤ੍ਰ ਵਿਅਕਤੀ ਸੀ ਜੋ ਅੰਤਿੱਮ ਸੀਮਾਂ ਤੱਕ ਸਫ਼ਲ ਰਹੇ,ਧਾਰਮਿਕ ਸਤਰ ਉੱਤੇ ਵੀ ਅਤੇ ਸੰਨਸਾਰਿਕ ਸਤਰ ਉੱਤੇ ਵੀ**

(Dr. Michaelh.hart,the100,newyork 1978)

**ਇਹ ਟਿਪਣੀ ਇਕ ਇਸਾਈ ਵਿਗਿਆਨਿਕ ਦੀ ਹੈ ਜਿਸਨੇ ਆਪਣੀ ਪੁਸਤਕ. The ,1oo.(ਇਕ ਸੋ) ਵਿਚ ਮਾਨਵ ਇਤਿਹਾਸ ਉੱਤੇ ਪ੍ਰਭਾਵ ਪਾਉਂਣ ਵਾਲੇ ਸੰਸਾਰ ਦੇ ਸੋ ੧੦੦. ਅਤਿਅੰਤ ਮਹਾਨ ਵਿਭੁਤਿਆਂ ਦਾ ਵਰਨੰਣ ਕਰਦੇ ਹੋਏ ਪਹਿਲੇ ਸਥਾਨ ਉੱਤੇ ਏਸੇ ਮਹਾਂਪੁਰਸ਼ ਨੂੰ ਰੱਖਿਆ ਹੈ ਜਿਸ ਦਾ ਉਹ ਅਨੂਯਾਈ ਨਹੀ। ਜਾਂਨ ਦੇ ਹੋ ਉਹ ਮਹਾਂਪੁਰਸ਼ ਕੋਣ ਹੈ ?**

## "ਉਹਨ੍ਹਾਂ ਦਾ ਨਾਮ ਮੁਹਾਂਮੱਦ ਹੈ"

ਇਹ ਐਸੇ ਇੰਸਾਨ ਹਨ ਜਿਨਾਂ ਦੇ ਵਰਗਾ ਧਰਤੀ ਉੱਤੇ ਕੋਈ ਪੈਦਾ ਨਹੀ ਹੋ ਇਆ, ੨੩ ਸਾਲ ਦੀ ਅੱਵਧੀ ਵਿੱਚ ਪੁਰੇ ਅਰਬ ਨੂੰ ਬਦਲ ਕੇ ਰੱਖ ਦਿੱਤਾ,ਪ੍ਰੋਫੈਸਰ ਰਾਮਾਂਕ੍ਰਿਸ਼ਣਾ ਰਾਓ ਦੇ ਸ਼ਬਦਾਂ ਵਿੱਚ।

ਆਪ ਦੇ ਦੁਆਰਾ ਇੱਕ ਐਸੇ ਨਵੇਂ ਰਾਜਿਆ ਦੀ ਸਥਾਪਣਾ ਹੋਈ ਜੋ ਮਰਾਕਸ਼ ਤੋਂ ਲੈ ਕੈ ਇੰਡੀਜ ਤੱਕ ਫੈਲਿਆ ਅਤੇ ਯੋਰੂਪ ਦੇ ਵਿਚਾਰ ਅਤੇ ਜੀਵਨ ਉੱਤੇ ਆਪਣਾ ਅਸਰ ਪਾਇਆ। (ਇਸਲਾਮ ਦੇ ਪੈਗੰਬੱਰ ਮੁਹੰਮੱਦ,ਪ੍ਰੋਫੈਸਰ ਰਾਮਾਕ੍ਰਿਸ਼ਣਾ ਰਾਉ ਪਾਰਤ)

ਮੁਹੰਮਦ ਸ੦ ੨੦ ਅਪ੍ਰੈਲ ੫੭੧ ਈ੦ ਵਿਚ ਅਰਬ ਦੇ ਮੱਕਾ ਸ਼ਹਿਰ ਦੇ ਇਕ ਜਾਨੇਮਾਨੇ ਵੰਸ਼ ਵਿੱਚ ਪੈਦਾ ਹੋਏ। ਜਨਮ ਦੇ ਪਹਿਲੇ ਹੀ ਆਪ ਦੇ ਪਿਤਾ ਦਾ ਇੰਤਿਕਾਲ ਹੋ ਗਿਆ ਛੇ ੬. ਸਾਲ ਦੀ ਉਮਰ ਹੋਈ ਤਾਂ ਮਾਤਾ ਵੀ ਚਲ ਬਸੀ ਅਤੇ ਅੱਠ ੮. ਸਾਲ ਦੇ ਹੋਏ ਤਾਂ ਦਾਦਾ ਦਾ ਸਾਇਆ ਵੀ ਸਿਰ ਤੋਂ ਉਠ ਗਿਆ।

ਜਿਸ ਦੇ ਕਾਰਨ ਕੁਝ ਵੀ ਪੱੜ ਲਿਖ ਨਾ ਸਕੇ। ਸ਼ੁਰੂ ਹੀ ਤੋਂ ਗੰਭੀਰ, ਸਦਾਚਾਰੀ, ਇਕਾਂਤ ਪ੍ਰਿਯਾ ਅਤੇ ਪਵਿਤੱਰ ਸ਼ੂਧ ਆਚਰਣ ਦੇ ਸੀ। ਅਰਬਾਂ ਨੇ ਆਪ ਨੂੰ, ਸੱਤਿਆ ਵਾਦੀ, ਅਤੇ,ਅਮਾਨਤਦਾਰ,ਦੀ ਉਪਾਦੀ ਦੇ ਰੱਖੀ ਸੀ। ਆਪ ਦੀ ਜੀਵਣੀ ਬਾਲ ਅਵੱਸਥਾ ਹੋਵੇ ਜਾਂ ਯੋਵਨ ਅਵੱਸਥਾ ਹਰ ਪ੍ਰਕਾਰ ਦੇ ਦਾਗ ਤੋਂ ਸ਼ੁੱਧ ਅਤੇ ਉਜਵੱਲ ਸੀ। ਚਾਲੀਸ ਸਾਲ ਦੀ ਉਮਰ ਵਿੱਚ ਆਪ ਉੱਤੇ ਆਕਾਸ਼ੀ ਫ਼ਰਿਸ਼ਤਾ ਜਿਬਰੀਲ ਅਮੀਨ ਦੇ (ਮਾਧਿਅੱਮ) ਨਾਲ ਕੁਰਆੱਨ,ਦੇ ਰੂਪ ਵਿੱਚ ਇਸ਼ਵਰੀ ਸੰਦੇਸ਼ ਉਤਰਿਆ। ਆਪਣੀ ਜਾਤੀਵਾਲਿਆਂ ਕੋਲ ਆਏ ਅਤੇ ਉਹਨ੍ਹਾ ਨੂੰ ਕਿਹਾ।

,,ਏ ਲੋਕੋ!ਇਕ ਅੱਲਾਹ ਦੀ ਪੂਜਾ ਕਰੋ, ਸਫਲ ਹੋਜਾਵੋ ਗੇ, ਜਾਤੀ ਵਾਲਿਆਂ ਵਿੱਚ ਮੂਰਤੀ ਪੂਜਾ ਹੁੰਦੀ ਸੀ। ਕਾਬਾ ਵਿੱਚ ੩੬੦ ਮੂਰਤਿਆਂ ਰੱਖੀਆਂ ਗਇਆਂ ਸੀ। ਸਮਾਜ਼ ਵਾਲੇ ਉਹਨ੍ਹਾਂ ਦੇ ਦੁਸ਼ਮਨ ਹੋ ਗਏ.. ਗਾਲਿਆਂ ਦਿੰਦੇ, ਪੱਥਰ ਮਾਰਦੇ, ਰਸਤੇ ਵਿੱਚ ਕਾਂਟੇ ਬਿਸ਼ਾ ਦਿੰਦੇ ਸੀ, ਉਹਨ੍ਹਾਂ ਉੱਤੇ ਇਮਾਨ ਲ਼ਿਆਓਣ ਵਾਲਿਆਂ ਨੂੰ ਇਕ ਦਿਨ ਅਤੇ ਦੋ ਦਿਨ ਨਹੀਂ ਬੱਲਕਿ ਲੱਗਾਤਾਰ, ੧੩ ਸਾਲ ਤਕ ਭਿਆਨਕ ਤਕਲੀਫਾਂ ਦਿੱਤੀਆਂ, ਇਥੋਂ ਤੱਕ ਕਿ ਉਹਨ੍ਹਾਂ ਨੂੰ ਜਨਮ ਭੂਮੀ ਤੋਂ ਨਿਕਾਲਿਆ, ਮਦੀਨਾ ਵਿੱਚ ਸ਼ਰਣ ਲਈ ਫਿਰ ਵੀ ਦੁਸ਼ਮਨ੍ਹਾਂ ਦੀ ਦੁਸ਼ਮਨੀ ਵਿਚ ਕਮੀ ਨਾ ਆਈ। ਅੱਠ ਸਾਲ ਤਾਂਈਂ ਉਹਨਾਂ ਦੇ ਵਿਰੋਧ ਲੜਾਈ ਜਾਰੀ ਰੱਖੀ ਪ੍ਰੰਤੂ ਉਹਨ੍ਹਾਂ ਨੇ ਸਬ ਕੱਸ਼ਟਾਂ ਦਾ ਸਾਹਮਣਾ ਕੀਤਾ। ਜਦ ਕਿ ਜਾਤੀ ਵਾਲੇ ਉਹਨ੍ਹਾਂ ਨੂੰ



ਆਪਣਾ ਸਮਰਾਟ ਬਣਾ ਲੈਣ ਅਤੇ ਧੰਨ ਦੇ ਢੇਰ ਉਨਾਂ ਦੇ ਚ੍ਰਣਾਂ ਵਿੱਚ ਰਖਣ ਨੂੰ ਤਿਆਰ ਸੀ, ਸ਼ਰਤ ਇਹ ਸੀ ਕਿ ਉਹ ਲੋਕਾਂ ਨੂੰ ਇੱਕ ਇਸ਼ਵਰ ਦੀ ਤਰਫ਼ ਬੁਲਾਓਣਾ ਛੱਡ ਦੇਣ।

ਫਿਰ ਇਕ ਦਿਨ ਉਹ ਵੀ ਆਇਆ ਕਿ ਅੱਜ ਆਪ ਆਪਣੀ ਜਨਮ ਭੁਮੀ ਮੱਕਾ ਉੱਤੇ ਵਿਜੈ (ਜੀਤ) ਪਾਚੁਕੇ ਸੀ,ਹਰ ਇਕ ਵਿਰੋਧੀ ਅਤੇ ਦੁਸ਼ਮਣ ਆਪ ਦੇ ਕਬਜੇ ਵਿੱਚ ਸੀ, ਅਗਰ ਆਪ ਚਹੁੰਦੇ ਤਾਂ ਇੱਕ ਇੱਕ ਨਾਲ ਇੱਕ ਇੱਕ ਕਰਕੇ ਬਦਲਾ ਲੈ ਸਕਦੇ ਸੀ ਪ੍ਰੰਤੂ ਆਪ ਨੇ ਸਾਰੇ ਲੋਕਾਂ ਨੂੰ ਮੁਆਫੀ ਦਾ ਇਲਾਨ ਕਰ ਦਿੱਤਾ, ਜਿਸ ਦਾ ਸਮਾਜ ਉੱਤੇ ਐਸਾ ਪ੍ਰਭਾਵ ਪਇਆ ਕੇ ਮੱਕਾ ਜੀਤ ਦੇ ਸਮੇਂ ਆਪ ਦੇ ਅਨੂੰਯਾਇਆਂ ਦੀ ਸੰਖਿਆ ਦਸ ਹਜਾਰ ਸੀ ਜਦੋਂ ਕਿ ਦੋ ਸਾਲ ਦੇ ਬਾਅਦ ਅੰਤਿਮ ਹੱਜ ਦੇ ਅਵਸਰ ਮੋਕੇ ਉੱਤੇ ਦੇਡ ਲੱਖ ਹੋ ਗਈ ਇਸ ਦਾ ਕਾਰਣ ਕਿ ਸੀ ?

## ਗਾਂਧੀ ਜੀ ਦੇ ਸ਼ਬਦਾਂ ਵਿੱਚ

ਹੂਣ ਮੈਨੂੰ ਪਹਿਲਾਂ ਤੋਂ ਵੀ ਜਿਆਦਾ ਵਿਸ਼ਵਾਸ ਹੋ ਗਿਆ ਹੈ ਕਿ ਇਹ ਤੱਲਵਾਰ ਦੀ ਸ਼ਕਤੀ ਨਹੀ ਸੀ, ਜਿਸ ਨੇ ਇਸਲਾਮ ਦੇ ਲਈ ਪੂਰੀਦੁਨੀਆਂ ਵਿੱਚ ਵਿਜੈ (ਜੀਤ) ਪ੍ਰਾਪਤ ਕੀਤੀ, ਜਦ ਕਿ ਇਹ ਇਸਲਾਮ ਦੇ ਪੈਗੰਬਰ ਦਾ ਅਤਿਅੰਤ ਸਾਦਾ ਜੀਵਨ.,ਆਪਦੀ ਬਿਨਾ ਸਵਾਰਥ,ਪ੍ਰਤਿਗਿਆ ਪਾਲਣ ਅਤੇ ਨਿਡਰਤਾ ਸੀ । (ਜਗਤ ਮਹਾਂਰਿਸ਼ੀ ਪਾਟਕ)

## ਮੁਹੰਮਦ ਸ੦ ਦੀਆਂ ਚਮਤਕਾਰੀਆਂ

ਮਾਨਵਤਾ ਦਾ ਰਸਤਾ ਉਲਝਣੇ ਦਾ ਮੂਲ ਕਾਰਣ ਮਹਾਂਪੁਰਸ਼ਾਂ ਦੀ ਚਮਤਕਾਰੀਆਂ ਹਨ ਲੋਕਾਂ ਨੇ ਗੁਰੂਆਂ ਦੇ ਅੰਦਰ ਵਿਭਿਨ ਪ੍ਰਕਾਰ ਦੀ ਚਮਤਕਾਰੀਆਂ ਨੂੰ ਵੇਖ ਦੇ ਉਹਨ੍ਹਾਂ ਨੂੰ ਪ੍ਰਮਾਤਮਾਂ ਦਾ ਅਵਤਾਰ ਮੰਨ ਲਿਆ ਅਤੇ ਉਹਨ੍ਹਾਂ ਦੀ ਪੂਜਾ ਸ਼ੁਰੂ ਕਰ ਦਿੱਤੀ। ਕਿੰਤੂ ਮੁਹੰਮਦ ,ਸ੦ ਉਹਨ੍ਹਾਂ ਸਾਰਿਆਂ ਨਾਲੋਂ ਸਭ ਜਗਹਾ ਤੋਂ ਅਲਗ ਹਨ। ਜਰਾ ਉਹਨ੍ਹਾਂ ਦੀਆਂ ਕੁਛ੦. ਚਮਤਕਾਰੀਆਂ ਦਾ ਅਵਲੋਚਣ ਕਰੋ

(੧) ਮੱਕਾ ਵਾਲਿਆਂ ਨੇ ਆਪਦੇ ਪੈਗੰਬਰ ਹੋਣੇ ਦਾ ਪ੍ਰਮਾਣ ਮੰਗਿਆ ਤਾਂ ਆਪ ਦੇ ਇੱਕ ਇਸ਼ਾਰੇ ਉੱਤੇ ਚੰਨ ਦੇ ਦੋ ਟੁਕਡੇ ਹੋ ਗਿਏ ਜਿਸ ਦਾ ਸਮਰਥਨ ਆਧੀ ਅਧੂਨੀਕ ਵਿਗਿਆ ਨੇ ਵਿ ਕੀਤਾ ਹੈ (ਵਿਸਤਾਰ ਦੇ ਲਈ ਵੇਖੋ ,ਕਿ ਇਹ ਗ੍ਰੰਥ ( ਕੁਰਆਨ ) ਮਾਨਵ ਰਚਿਤ ਹੈ ? ਪਾਟ ੧੬

(੨) ਹੁਦੈਬਿਆ ਦੀ ਸੰਧੀ ਦੇ ਵਾਕਿਆ ਤੇ ਉਂਗਲਿਆਂ ਵਿਚੋਂ ਪਾਣੀ ਨਿਕਲਿਆ ਅਤੇ ੧੪੦੦ ਵਿਅਕਤਿਆਂ ਨੇ ਪਿਆਸ ਬੁਝਾਈ ।

(੩) ਆਪ ਦਾ ਸਭ ਤੋਂ ਵਡਾ ਚਮਤਕਾਰ ਪਵੀਤ੍ਰ ਗ੍ਰੰਥ ਕੁਰਆਨ ਹੈ ਕਿਉਂ ਕਿ ਏਸਾ ਵਿਅਕਤੀ ਜਿਸ ਨੂੰ ਨਾ ਪੜ੍ਹਣਾ ਆਉਂਦਾ ਹੈ ਨਾ ਲਿਖਣਾ, ਨਾ ਹੀ ਉਸ ਦਾ ਕੋਈ ਗੁਰੂ ਹੈ ਏਸੀ ਅਦਭੂਤ ਵਾਣੀ ਪੈਸ਼ ਕਰ ਗਿਯਾ ਹੈ ਜੋ ਚੁਨੋਤੀ ਵੀ ਦੇ ਰਿਹਾ ਹੈ ਕਿ ਆਦਮੀ ਜਾਂ ਪ੍ਰੇਤਾਂ ਵਿੱਚ ਕੋਈ ਏਸਾ ਹੈ ਜੋ ਉਸਦੇ ਸਮਾਨ ਇਕ ਸੂਰਾ ਹੀ ਪੇਸ਼ ਕਰ ਦੇ (ਸੂਰਾ ਬਕਰਾ ੨੩) ਪ੍ਰੰਤੂ ਇਤਹਾਸ ਸਾਕਸ਼ੀ ਗਵਾਹ ਹੈ ਕਿ ਉਹ ਅਰਬ ਵਿਦਵਾਨ ਜਿਸ ਨੂੰ ਆਪਣੀ ਭਾਸ਼ਾ ਮੁਬਾਰਕ ਤੇ ਮਾਨ ਸਮਾਨ ਸੀ, ਆਪਣੀ ਭਾਸ਼ਾ ਦੇ ਸਾਹਮਣੇ ਦੁਜਿਆਂ ਨੂੰ ਗੁੰਗਾ ਸਮਝਦੇ ਸੀ। ਉਸਦੇ ਸਾਹਮਣੇ ਇਕ ਟੁਕਡਾ ਵੀ ਪੇਸ਼ ਨ ਕਰ ਸਕੇ



ਅਤੇ ਗ੍ਰੰਥ ਕੁਰਾਅਨ ਅੱਜ ਤੱਕ ਸੰਸਾਰ ਵਾਲਿਆਂ ਲਈ ਚੂਨੋਤੀ ਬਣੀਆ ਹੋਇਆ ਹੈ।

**ਪਿਆਰੇ ਭਰਾਓ!ਤੇ ਭੇਹਣੋ:** ਇਨ੍ਹਾਂ ਸਪਸ਼ਟ ਚਮਤਕਾਰਿਆਂ ਦੇ ਹੁੰਦੇ ਹੋਏ ਕਿ ਮੁਹੰਮਦ ਸ੦ ਦਾ ਹੱਕ ਨਹੀ ਸੀ ਕਿ ਉਹਨ੍ਹਾਂ ਦੀ ਪੂਜਾ ਕੀਤੀ ਜਾਵੇ ? ਜਾਂ ਇਹ ਆਪਣੀ ਪੂਜਾ ਕਰਾਉਂਣ ਦਾ ਦਾਵਾ ਕਰਦੇ ?

ਅਗਰ ਉਹ ਏਸਾ ਦਾਵਾ ਕਰਦੇ ਤਾਂ ਉਹ ਸੰਸਾਰ ਜਿਸ ਨੇ ਰਾਮ ਜੀ ਨੂੰ ਇਸ਼ਵਰ ਬਣਾ ਦਿੱਤਾ ,ਜਿਸ ਨੇ ਕ੍ਰਿਸ਼ਣ ਜੀ ਨੂੰ ਭਗਵਾਨ ਕਹਿਣੇ ਤੋਂ ਸੰਕੋਚ ਨਹੀ ਕੀਤਾ, ਜਿਸ ਨੇ ਮਹਾਂਤਮਾ ਬੁਧ ਨੂੰ ਸੋਵਏਮ ਪੂਜ਼ਿਏ ਬੰਣਾ ਲਿਆ। ਜਿਸ ਨੇ ਈਸਾ ਅ੦ ਨੂੰ ਇਸ਼ਵਰ ਦਾ ਬੇਟਾ ਮੰਨ ਲਿਆ ਉਹ ਏਸੇ ਮਹਾਨ ਵਿਅਕਤੀ ਨੂੰ ਪ੍ਰਮਾਤਮਾਂ ਮੰਨਣ ਤੋਂ ਕਦੀ ਸੰਕੋਚ ਨਾ ਕਰਦੇ । ਪ੍ਰੰਤੂ ਉਹ ਏਸਾ ਕਿਸਤਰ੍ਹਾਂ ਕਹਿ ਸਕਦੇ ਸੀ ਜਦੋਂ ਕਿ ਆਪ ਸੱਚਾ (ਸੰਦੇਸ)ਪੈਗਾਮ ਲੈਕੇ ਆਇਏ ਸੀ ਉਹ ਤਾਂ ਆਪਣੇ ਆਪ ਨੂੰ ਕੇਵਲ ਇੱਕ ਮਾਨਵ ਦੇ ਰੂਪ ਵਿੱਚ ਪ੍ਰਗਟ ਕਰਦੇ ਸੀ ਅਤੇ ਕਹਿੰਦੇ ਸੀ:

"ਮੈ ਇੱਕ ਮਾਨਵ ਮਾਤ੍ਰਰ ਹਾਂ,ਤੁਹਾਡੇ ਜਿਹਾ"

ਅੱਜ ਅਗਰ ਕੋਈ ਮੁਸਲਿਮ ਮੁਹੰਮਦ ਸ੦ਦੀ ਪੂਜਾ ਕਰਨ ਲਗੈ ਤਾਂ ਉਹ ਇਸਲਾਮ ਦੀ ਸੀਮਾ ਤੋਂ ਨਿਕਲ ਜਾਏ ਗਾ।

## ਮੁਹੱਮਦ ਸ੦ ਅਤੇ ਦੁਸਰੇ ਧਾਰਮਿਕ ਗ੍ਰੰਥ

ਮੁਹੱਮਦ ਸ੦ ਉਹ ਅੰਤਿਮ ਪੈਗੰਬਰ ਹਨ ਜਿਨ੍ਹਾਂ ਦੇ ਆਗਮਨ ਦੀ ਭਵਿਸ਼ਵਾਣੀ ਉਹਨ੍ਹਾਂ ਤੋਂ ਪਹਿਲਾਂ ਹਰ ਇੱਕ ਧਾਰਮਿਕ ਗ੍ਰੰਥ ਨੇ ਕੀਤੀ ਹੈ

**ਮਹਾਂਤਮਾਂ ਬੁੱਧ ਦੀ ਭਵਿਸ਼ਵਾਣੀ:** ਮਹਾਤਮਾਂ ਬੁੱਧ ਨੇ ਮਰਦੇ ਵਕਤ ਆਪਣੇ ਚੇਲਾ ਨੰਦਾ ਨੂੰ ਕੰਨ ਵਿੱਚ "ਮੈਤ੍ਰੇਯ"ਦੇ ਨਾਮ ਨਾਲ ਬੁੱਧ ਦੇ ਆਣ ਦੀ ਸੂਚਣਾ ਦਿੱਤੀ ਜਿਸ ਦਾ ਅਰਥ "ਮੁਹੰਮਦ" ਹੁੰਦਾਹੈ

**ਨਰਾਸ਼ੰਸ ਅਤੇ ਮੁਹੰਮਦ:** ਵੇਦਾਂ ਵਿੱਚ "ਨਰਾਸ਼ੰਸ" ਦੇ ਨਾਮ ਨਾਲ ੩੧ ਸਥਾਨਾਂ ਤੇ ਅਤੇ ਪੁਰਾਣਾਂ ਵਿੱਚ "ਕਲਕੀ ਅਵਤਾਰ" ਦੇ ਨਾਮ ਨਾਲ ਮੁਹੰਮਦ ਸ੦ ਦਾ ਵਰਨਣ ਮਿਲਦਾ ਹੈ। ਨਰਾਸ਼ੰਸ ਸਬਦ "ਨਰ"ਅਤੇ "ਆਸ਼ੰਸ" ਦੇ ਸ਼ਬਦਾਂ ਤੋ ਮਿਲਕੇ ਬਣਦਾ ਹੈ,ਨਰ ਦਾ ਅਰਥ ਹੁੰਦਾ ਹੈ "ਆਦਮੀ" ਅਤੇ ਆਸ਼ੰਸ ਦਾ ਅਰਥ "ਪ੍ਰਸ਼ੰਸਿਤ"

ਅਰਥਾਤ ਆਦਮੀਆਂ ਦੁਵਾਰਾ ਪ੍ਰਸ਼ੰਸਿਤ,ਅਤੇ ਮੁਹੰਮਦ ਦਾ ਅਰਥ ਵੀ, "ਪ੍ਰਸ਼ੰਸਿਤ ਆਦਮੀ" ਹੁੰਦਾ ਹੈ।

## "ਮੁਹੰਮਦ" ਅਤੇ "ਅਹਮਦ" ਦਾ ਉਲੇਖ

*ਭਵਿਸ਼ੇ ਪੁਰਾਣ (੩੨੩)੫ \੮ ਵਿੱਚ ਹੈ-

"ਇਕ ਦੁਸਰੇ ਦੇਸ਼ ਵਿੱਚ ਇਕ ਆਚਾਰਿਆ ਆਪਣੇ ਮਿਤ੍ਰਾਂ ਦੇ ਨਾਲ ਆਏਗਾ ਉਹਾਨ੍ਹਾਂਦਾ ਨਾਮ "ਮੁਹੰਮਦ"ਹੋਵੇ ਗਾ। ਉਹ ਰੇਗਿਸਥਾਨੀ ਏਰੀਏ ਵਿੱਚ ਆਓਂਣ ਗੈ"

* ਅਤੇ ਯਜੂਵੇਦ (੧੮)੩੧) ਵਿੱਚ ਹੈ ।

ਵੇਦਾਹਮੇਤ ਪੂਰਸ਼ ਮਹਾਨਤਮਾਦਿਤਤਯਵਰਣ ਤਮੱਸਾ:ਪ੍ਰਸਤਾਵਅਨਾਯ ਵੇਦ "ਅਹਮਦ" ਮਹਾਨ ਵਿਅਕਤੀ ਹਨ, ਸੂਰਜ ਦੇ ਸਮਨਿ ਹੱਨੇਰੇ ਨੂੰ ਸਮਾਪਤ ਕਰਣ ਵਾਲੇ, ਉਹਨ੍ਹਾਂ ਨੂੰ ਜਾਨ ਕੇ ਪ੍ਰਲੋਕ (ਜੰਨਤ) ਵਿੱਚ ਸਫਲ ਹੋਇਆ ਜਾ ਸਕਦਾ ਹੈ,ਇਸ ਦੇ(ਅਤਰਿਕਤ) ਅਲਾਵਾ ਸਫ਼ਲਤਾ ਤੱਕ ਪਹੁੰਚਣ ਦਾ ਕੋਈ ਦੂਜਾ ਰਸਤਾ ਨਹੀਂ।

## ਮੁਹੰਮਦ ਸ० ਬਾਬਾ ਗੁਰੂ ਨਾਨਕ ਜੀ ਦੇ ਸ਼ਬਦਾਂ ਵਿੱਚ

ਅੱਵਲ ਨਾਇ ਖੁਦਾਇ ਦਾ ਦੋਇਮ ਨਬੀ ਰਸੂਲ। ਤੀਜਾ ਕਲਮਾ ਪੜ੍ਹ ਨਾਨਕਾ ਦਰਗਹਿ ਪਵੇ ਕਬੂਲ।ਕੇਤੇ ਨੂਰ ਮੁਹੰਮਦੀ ਡਿਠੇ ਨਬੀ ਰਸੂਲ। ਨਾਨਕ ਕੁਦਰਤ ਦੇਖ ਕਰ ਖੁਦੀ ਗਈ ਸਬ ਭੂਲ। 'ਹਮਦ ਸਨਾਈ ਰਬ ਨੌਂ ਵਾਹਿਦ ਲਾ ਸ਼ਰੀਕ ।। ਅਵਤਾਰਾਂ ਪੈਗੰਬਰਾਂ ਇਕ ਸਕਿਆ ਨ ਕਰ ਤਹਕੀਕ ।। ਲੱਖ ਚਉਰਾਸੀਹ ਆਲਮਾ ਕਾਨ ਹੈਵਾਨ ਨਬਾਤ ।। ਵਾਹਿਦ ਲਾ ਸ਼ਰੀਕ ਹੈ ਨਿਤ ਮੁਖੋਂ ਅਲਾਹਿ ਜਾਪ ।।ਵਾਹਿਦ ਲਾ ਸ਼ਰੀਕ ਹੈ ਇਕ ਕਾਦਰ ਪਾਕ ਅਲਾਹਿ ।। ਕੁਦਰਤ ਲੱਖ ਰਸੂਲ ਹੈਨ ਸਦ ਦਰਗਾਹ ਪਾਨ ਨਾ ਰਾਹ ।। ਕੱਲਾ ਇਕ ਖੁਦਾਈ ਹੈ ਕੁਦਰਤ ਕਈ ਰਸੂਲ ।। ਜੀਵਨ ਨੀਅਤ ਰਾਸ ਕਰ ਦਰਗਾਹ ਪਵਹਿ ਕਬੂਲ ।। ਲਿਖਿਆ ਧੁਰ ਦਰਗਾਹ ਦੇ ਏਕੋ ਪਾਕ ਖੁਦਾਇ ।। ਦੋਇਮ ਹੋਯਾ ਨਾ ਹੋਇਗਾ ਜੋ ਹੋਯਾ ਥੀਆ ਫਨਾਹਿ ।। ਮੁਫਤੀ ਕੋਈ ਨ ਰਬ ਦਾ ਜੋ ਖੋਲ੍ਹੇ ਪਾਸ ਕਿਤਾਬ ।। ਯਾਰ ਨ ਕੋਈ ਅੱਲਾਹ ਦਾ ਜੋ ਕਰੇ ਸੁਆਲ ਜਵਾਬ ।। ਵਾਹਿਦ ਲਾ ਸ਼ਰੀਕ ਹੈ ਕਾਜੀ ਮੁਫਤੀ ਆਪ ।। ਆਪੇ ਖੋਲ੍ਹ ਕਿਤਾਬ ਨੌਂ ਆਪੇ ਕਰੇ ਹਿਸਾਬ ।।ਆਪੇ ਬਖਸ਼ ਮਿਲਾਇੰਦਾ ਦੇਹਿ ਸਜਾਈਂ ਆਪ ।।ਇਕੋ ਇਕ ਖੁਦਾਇ ਹੈ ਜਿਸ ਦਾ ਮਾਇ ਨ ਬਾਪ ।ਅਤੇ ਆਖਿਆ ਸਾਦ-ਸਲਾਹਤ ਮੁਹੰਮਦੀ ਮੁਖਹੀ ਆਖੌਂਤ-ਖਾਸਾ ਬੰਦਾ ਸਜਯਾ ਸਰ ਮਿਤਰਾਂ ਹੋਂਮਤ। ਅਰਥਾਤ ਰਸੂਲ ਸ०ਦੀ ਤਾਰੀਫ਼ ਕਰਦੇ ਚਲੈ ਜਾਓ ਆਪ ਖੁਦਾ ਦੇ ਖਾਸ ਬੰਦੇ ਅਤੇ ਸਾਰੇ ਨਬਿਯਾਂ ਅਤੇ ਰਸੂਲਾਂ ਦੇ ਸਰਦਾਰ ਹਨ ।

ਅਤੇ ਇਹ ਵੀ ਫ਼ਰਮਾਂਇਆ, ਸੇਈ ਛੋਟੇ ਨਾਨਕਾ ਹਜ਼ਰਤ ਜਹਾਂ ਪਨਹਾਂ । ਉਹੀ ਲੋਕ ਸਫ਼ਲ ਹਨ ਜਿਹਨ੍ਹਾਂ ਨੇ ਹੁਜੂਰ ਸ०ਦੀ ਗੁਲਾਮੀਂ ਵਿੱਚ ਜਿੰਦਗੀ ਬਸ਼ਰ ਕੀਤੀ। ਗੁਰੂ ਅਰਜਨ ਜੀ ਨੇ ਗੁਰੂ ਨਾਨਕ ਜੀ ਦੇ ਇਸ ਪਾਕੀਜਾ ਇਰਸ਼ਾਦ ਦੇ ਬਾਰੇ ਵਿੱਚ ਇਹ ਬਿਆਨ ਕੀਤਾ ਹੈ । ਅੱਠੇ ਪੇਹੇਰ ਭੋਂਦਾ ਫਿਰੇ ਖਾਵਣ ਸੰਦੜੇ ਸੋਲ-ਦੋਜ਼ਖ ਪੌਂਦਾ ਕਿਓਂ ਰੇਹੇ ਜਾਂ ਚਿਤ ਹੋਏ ਰਸੂਲ ।ਗੁਰੂ ਗਰੰਥ ਸਾਹਿਬ ਪੰਨਾ0 320 |

ਗੁਰੂ ਜੀ ਨੇ ਇਸ ਵਲੇ ਆਖੀਆ, ਮੀਮ ਮੁਹੱਮਦ ਮੰਨ ਤੋਂ ਮੰਨ ਕਿਤਾਬਾਂ ਚਾਰ-ਮੰਨ ਖੁਦਾਏ ਰਸੂਲ ਨੂੰ ਸੱਚਾ ਈ ਦਰਬਾਰ-ਲੇ ਪੇਗੱਬੰਗੀ ਆਯਾ ਇਸ ਦੁਨਯਾਮਾਂਹੈ, ਨਾਂ ਮੁਹੰਮਦ ਮੁਸਤਫਾ ਹੋ ਆ ਬੇਪਰ ਵਾਹੈ। ਯਾਨੀ ਹਜ਼ਰਤ ਮੁਹੰਮਦ ਮੁਸਤਫਾ ਅਤੇ ਚਾਰੋਂ ਕਿਤਾਬਾਂ ਉੱਤੇ ਇਮਾਨ ਲਾਓ

### ਜਨਮ ਤਾਰੀਖ ਦਾ ਉਲੇਖ

ਕਲਕੀ ਪੁਰਾਣ (੨ \੧੫ ) ਵਿੱਚ ਅੰਤਿਮ ਸੰਦੇਸ਼ਟਾ ਦੇ ਜਨਮ ਤਰੀਖ ਦਾ ਵੀ ਉਲੇਖ ਕੀਤਾ ਹੈ ।

"ਜਿਸ ਦੇ ਜਨਮ ਲੈਣ ਨਾਲ ਦੁਖੀ ਮਾਨਵਤਾ ਦਾ ਕੱਲਿਆਣ ਹੋਵੇਗਾ, ਉਸ ਦਾ ਜਨਮ ਮਧੁਮਾਸ ਦੇ ਸ਼ੰਮਭਲ ਪਕਸ਼ ਅਤੇ ਰਬੀ ਫਸਲ ਵਿੱਚ ਚੰਦਰਮਾਂ ਦੀ ੧੨ ਵੀ ਤਰੀਖ ਨੂੰ ਹੋਵੇ ਗਾ"। ਮੁਹੰਮਦ ਸ० ਦਾ ਜਨਮ ਵੀ ੧੨ ਰਬੀਓਲ ਅਵੱਲ ਨੂੰ ਹੋਇਆ ਰਬੀਓਲ ਅੱਵਲ ਦਾ ਅਰਥ ਹੁੰਦਾ ਹੈ ਮਧੁਮਾਸ ਦੇ ਹਰਸ਼ੋਲਾਸ ਦਾ ਮਹੀਨਾ ।

### ਜਨਮ –ਭੂਮੀ ਅਤੇ ਮਾਤਾ ਪਿਤਾ ਦਾ ਉਲੇਖ

ਸ਼੍ਰੀ ਮਦ–ਭਗਵਦ ਮਹਾ ਪੁਰਾਣ (੧੨\੨ \੧੮ )



ਵਿੱਚ ਕਲਕੀ ਅਵਤਾਰ ਦੀ ਜਨਮਭੂਮੀ "ਸ਼ੰਮਭਲ" ਆਖਿਆ ਗਿਆ ਹੈ,"ਸ਼ੰਮਭਲ" ਦਾ ਸ਼ਾਬਦਿਕ ਅਰਥ ਹੈ "ਸ਼ਾਂਤੀ ਦਾ ਸਥਾਨ" ਅਤੇ ਮੱਕਾ ਜਿਥੇ ਮੁਹੰਮਦ ਸ਼० ਪੈਦਾ ਹੋਇਏ ਉਸ ਨੂੰ ਅਰਬੀ ਵਿੱਚ"ਦਾਰੂਲ ਅਮਨ"ਕਿਹਾ ਜਾਂਦਾ ਹੈ। ਜਿਸ ਦਾ ਅਰਥ "ਸ਼ਾਂਤੀ ਦਾ ਘਰ" ਹੈ। "ਵਿਸ਼ਣੁਯਸ਼" ਕਲਕੀ ਦੇ ਪਿਤਾ ਦਾ ਨਾਮ ਦਸਿਆ ਗਿਆ ਹੈ ਅਤੇ ਮੁਹੰਮਦ ਸ० ਦੇ ਪਿਤਾ ਦਾ ਨਾਮ "ਅਬਦੁੱਲਾਹ" ਸੀ ਅਤੇ ਜੋ ਅਰਥ "ਵਿਸ਼ਣੁਯਸ਼" ਦਾ ਹੁੰਦਾ ਹੈ ਉਹ ਹੀ "ਅਬਦੁੱਲਾਹ"ਦਾ ਹੁੰਦਾ ਹੈ।

"ਵਿਸ਼ਣੁ"ਯਾਨੀ"ਅੱਲਾਹ"ਅਤੇ "ਯਸ਼" ਯਾਨੀ"ਬੰਦਾ"ਅਰਥਾਤ"ਅੱਲਾਹ ਦਾ ਬੰਦਾ"(ਅਬਦੁਲਾਹ)।

ਉਸੀਤਰ੍ਹਾਂ ਕਲਕੀ ਦੀ ਮਾਂ ਦਾ ਨਾਮ "ਸੋਮਤੀ" (ਸੋਮਵਤੀ) ਆਇਆ ਹੈ ਜਿਸ ਦਾ ਅਰਥ ਹੁੰਦਾ ਹੈ "ਸ਼ਾਂਤੀ ਅਤੇ ਮੰਨਨਸ਼ੀਲ ਸਵਭਾਵ ਵਾਲੀ" ਅਤੇ ਮੁਹੰਮਦ ਸ० ਦੀ ਮਾਤਾ ਦਾ ਨਾਮ ਵੀ "ਆਮਨਾ" ਸੀ ਜਿਸ ਦਾ ਅਰਥ ਹੈ "ਸ਼ਾਂਤੀ ਵਾਲੀ"।

ਡਾ० ਵੇਦ ਪ੍ਰਕਾਸ਼ ਉਪਾਧਿਆਏ ਨੇ ਆਪਣੀ ਪੁਸਤਕ ਕਲਕੀ ਅਵਤਾਰ ਅਤੇ ਮੁਹੰਮਦ ਸ०, ਵਿੱਚ ਕਲਕੀ ਅਤੇ ਮੁਹੰਮਦ ਸ० ਦੀ ਵਿਸ਼ੇਸ਼ਤਾਂਵ ਦੀ ਤੁਲਨਾਤਮਕ ਅਧਿਅਨ ਕਰਦੇ ਹੋਏ ਦਸਿਆ ਹੈ ਕਿ ਅੱਜ ਹਿੰਦੂ ਭਾਈ ਜਿਸ ਕਲਕੀ ਅਵਤਾਰ ਦੇ ਇੰਤਜਾਰ ਉਡੀਕ ਕਰ ਰਿਹੇ ਹਨ ਉਹ ਆ ਚੁਕੇ ਹਨ, ਅਤੇ ਉਹੀ ਮੁਹੰਮਦ ਸ० ਹਨ।

## ਮੁਹੰਮਦ ਸ० ਸਭ ਦੇ ਲਈ

(੧)ਮੁਹੰਮਦ ਸ० ਨੇ ਜੋ ਸ਼ੰਦੇਸ਼ ਮਾਨਵ ਸਮਾਜ਼ ਦੇ ਸਾਹਮਣੇ ਪ੍ਰਸਤੁੱਤ ਕਿਤਾ ਉਸ ਵਿੱਚ ਸੰਸਾਰ ਦਾ ਕੱਲਿਆਣ ਹੈ ਕਿਓਂ ਕਿ ਆਪ ਕਲਕੀ ਅਵਤਾਰ ਹਨ ਆਪ ਦੇ ਬਾਅਦ ਕਿਸੀ ਸੰਦੇਸ਼ਟਾ (ਪੈਗੰਬਰ ) ਦੇ ਆਨੇ ਦੀ ਜਰੂਰਤ ਨਹੀ ਇਸ ਲਈ ਕੁਰਆਨ ਨੇ ਆਪ ਨੂੰ"ਸੰਪੂਰਣ ਸੰਸਾਰ ਦੇ ਲਈ ਦਿਯਾਲੂਤਾ" (ਸੁਰਾ, ੨੧ ਆਯਤ ,੧੦੭ )
ਦੀ ਉਪਾਧੀ ਦਿਤੀ ਹੈ। ਇਸ ਦਾ–ਸਪਸ਼ਟਿਕਰਣ ਨਿਮਨਲਿਖਿਤ ਤਥਆਂ ਤੋਂ ਹੁੰਦਾ ਹੈ। ਮੁਹੰਮਦ ਸ० ਦੀ ਨਜਰ ਵਿੱਚ ਸਾਰੇ ਇੰਸਾਨ ਬਰਾਬਰ ਸੰਨ। ਧੰਨਵਾਨ, ਗਰੀਬ ,ਅਮੀਰ ਅਤੇ ਕਾਲੇ ਗੋਰੇ ਸਭ ਨੂੰ ਇਕ ਹੀ ਮਾਨਵ ਜਾਤੀ ਦਾ ਅੰਗ ਸਮਝਿਆ ਅਤੇ ਹਰ ਪ੍ਰਕਾਰ ਦੇ ਭੇਦ ਭਾਵ ਅਤੇ ਜਾਤੀਵਾਦ ਦਾ ਖੰਡਨ ਕਿਤਾ ।

(੨) ਆਪਣੇ ਮਾਤ੍ਰ ਇੱਕ ਪ੍ਰਮਾਤਮਾਂ ਦੀ ਉਪਾਸਣਾ ਕੀਤੀ ਅਤੇ ਇੰਸਾਨਾਂ ਨੂੰ ਬੁਲਾਇਆ ਜੋ ਪ੍ਰਮਾਤਮਾਂ ਪ੍ਰਤੀ ਇੱਕ ਇੰਸਾਨਾਂ ਦੀ ਰਚਨਾਂ ਕਰਣ ਵਾਲਾ ਅਤੇ ਪਾਲਣ ਕਰਤਾ ਹੈ ।

(੩)ਆਪ ਨੇ ਏਸਾ ਸਿਧਾਂਨਥ ਪੇਸ਼ ਕੀਤਾ ਜਿਸ ਵਿੱਚ ਮਾਨਵ ਜਾਤੀ ਦੀ ਸਾਰੀ ਸਮੱਸਿਆਵਾਂਦਾ ਸਮਾਪਣ ਹੈ, ਆਪ ਦੀਆਂ ਸਿਖਿਆਂ ਜੀਵਨ ਤੇ ਸਮਾਜਿਕ, ਆਰਥਿਕ, ਰਾਜਨੀਤਿਕ, ਅਤੇ ਆਧਿਆਤਿਮਿਕ ਹਰ ਇਕ ਸਤਰ ਤੇ ਹਾਵੀ ਹੈਂ ।

(੪)ਮੁਹੰਮਦ ਸ० ਨੇ ਜੋ ਸਿੰਧਾਂਨਥ ਪੇਸ਼ ਕੀਤਾ ਉਸਦੇ ਆਧਾਰ ਤੇ ਹਰ ਯੁਗ ਵਿੱਚ ਇਕ ਸ਼ਾਂਤੀ ਪੂਰਣ ਸਮਾਜ਼ ਦੀ ਸਥਾਪਣਾ ਕੀਤੀ ਜਾ ਸਕਦੀ ਹੈ ।



2

پنجابی

هل تعرف هذا الرجل العظيم؟

# ਕਿ ਆਪ ਇਸ ਮਹਾਂਪੁਰਸ਼ ਨੂੰ ਜਾਣਦੇ ਹੋ ?

Ipc
لجنه التعريف بالاسلام
ISIAM PRESENTATION COMMITTEE
جمعية النجاة الخيرية